3

ਡਿਸਏਬਿਲਟੀ ਅਲਾਇੰਸ ਬੀ ਸੀ

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2025

# ਡਿਸਏਬਿਲਟੀਜ਼ ਵਾਲੇ ਵਿਅਕਤੀਆਂ (ਪੀ ਡਬਲਯੂ ਡੀ) ਲਈ ਭੱਤਿਆਂ ਲਈ ਮਿਲਾਨ-ਸੂਚੀ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਊਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਜੇ ਤੁਸੀਂ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਤੋਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤੇ ਲੈਂਦੇ ਹੋ ਤਾਂ ਇਹ ਕੁਝ ਪ੍ਰੋਗਰਾਮ ਅਤੇ ਭੱਤੇ (ਬੈਨੇਫਿਟਸ) ਹਨ ਜਿਹੜੇ ਤੁਸੀਂ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਮਨਿਸਟਰੀ ਰਾਹੀਂ ਮਿਲਣ ਵਾਲੇ ਭੱਤਿਆਂ ਜਾਂ ਸਪਲੀਮੈਂਟਾਂ ਲਈ ਸਫਾ 2 ’ਤੇ **ਐੱਮ ਐੱਸ ਡੀ ਪੀ ਆਰ ਦੇ ਪ੍ਰੋਗਰਾਮ** ਦੇਖੋ। ਹੋਰ ਵਸੀਲਿਆਂ ਤੋਂ ਮਿਲਣ ਵਾਲੇ ਭੱਤਿਆਂ ਬਾਰੇ **ਸਫਾ 4 ’ਤੇ ਹੋਰ ਸੰਸਥਾਵਾਂ ਰਾਹੀਂ ਭੱਤੇ** ਥੱਲੇ ਦੱਸਿਆ ਗਿਆ ਹੈ।

## ਮਦਦ ਕਰਨ ਵਾਲੇ ਸੁਝਾਅ

### ਐੱਮ ਐੱਸ ਡੀ ਪੀ ਆਰ ਦਾ ਟੋਲ-ਫ੍ਰੀ ਨੰਬਰ

ਤੁਸੀਂ ਬੀ ਸੀ ਵਿਚ ਕਿਤਿਉਂ ਵੀ 1-866-866-0800 ’ਤੇ ਐੱਮ ਐੱਸ ਡੀ ਪੀ ਆਰ ਨੂੰ ਮੁਫਤ ਫੋਨ ਕਰ ਸਕਦੇ ਹੋ। ਇਸ ਹੈਲਪ ਸ਼ੀਟ ਵਿਚ ਦਿੱਤੇ ਗਏ ਐੱਮ ਐੱਸ ਡੀ ਪੀ ਆਰ ਨਾਲ ਸੰਬੰਧਿਤ ਕਿਸੇ ਵੀ ਭੱਤੇ (ਬੈਨੇਫਿਟ) ਲਈ ਤੁਸੀਂ ਮਨਿਸਟਰੀ ਦੇ ਕਿਸੇ ਵਰਕਰ ਨਾਲ ਗੱਲ ਕਰਨ ਲਈ ਇਸ ਨੰਬਰ ’ਤੇ ਫੋਨ ਕਰ ਸਕਦੇ ਹੋ।

### ਲਿਖਤੀ ਪੇਪਰ

- ਜਦੋਂ ਤੁਸੀਂ ਮਨਿਸਟਰੀ ਕੋਲ ਪੇਪਰ (ਡਾਕੂਮੈਂਟਸ) ਦਰਜ ਕਰਵਾਉਂਦੇ ਹੋ ਤਾਂ ਤਾਰੀਕ ਦੀ ਮੋਹਰ ਵਾਲੀ ਕਾਪੀ ਲੈਣਾ ਯਾਦ ਰੱਖੋ ਜਾਂ ਆਪਣੇ ਰਿਕਾਰਡਾਂ ਲਈ ਪੇਪਰਾਂ ਦੇ ਨਾਲ ਨਾਲ ਫੈਕਸ ਕਨਫਰਮੇਸ਼ਨ ਸ਼ੀਟ ਆਪਣੇ ਕੋਲ ਰੱਖੋ।
- ਜਦੋਂ ਤੁਸੀਂ ਪੇਪਰ ਉੱਪਰ ਮਹੀਨਾਵਾਰ ਰਿਪੋਰਟ ਮੁਕੰਮਲ ਕਰਦੇ ਹੋ ਤਾਂ ਇਹ ਪੱਕਾ ਕਰੋ ਕਿ ਤੁਹਾਡੇ ਕੋਲ ਇਸ ਦੀ ਕਾਪੀ ਹੈ। ਭਾਵੇਂ ਤੁਸੀਂ ਆਪਣੀ ਮਹੀਨਾਵਾਰ ਰਿਪੋਰਟ ਔਨਲਾਈਨ ਕਰਦੇ ਹੋ ਜਾਂ ਪੇਪਰ ’ਤੇ ਕਰਦੇ ਹੋ, ਆਪਣੇ ਰਿਕਾਰਡਾਂ ਲਈ ਰਿਪੋਰਟ ਕੀਤੇ ਗਏ ਢੁਕਵੇਂ ਪੇਪਰਾਂ ਦੀ ਕਾਪੀ ਰੱਖੋ।

# ਐੱਮ ਐੱਸ ਡੀ ਪੀ ਆਰ ਦੇ ਪ੍ਰੋਗਰਾਮ

ਅੱਗੇ ਲਿਖੇ ਪ੍ਰੋਗਰਾਮ ਅਤੇ ਭੱਤੇ ਐੱਮ ਐੱਸ ਡੀ ਪੀ ਆਰ ਰਾਹੀਂ ਉਪਲਬਧ ਹਨ।

## ਉਹ ਭੱਤੇ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਆਪਣੇ ਆਪ ਹੀ ਹੱਕਦਾਰ ਹੋ

☐ **ਦੰਦਾਂ ਦੇ ਇਲਾਜ ਦੀ ਕਵਰੇਜ, ਜਿਸ ਵਿਚ ਦੋ-ਸਾਲਾਂ ਦੇ ਸਮੇਂ ਦੌਰਾਨ 1000 ਡਾਲਰ ਤੱਕ ਦੇ ਬਣਾਉਟੀ ਦੰਦਾਂ ਦੀਆਂ ਸੇਵਾਵਾਂ ਵੀ ਸ਼ਾਮਲ ਹਨ।**

ਇਹ 1000 ਡਾਲਰ ਦੀ ਹੱਦ ਕੁਝ ਖਾਸ ਹਾਲਤਾਂ ਵਿਚ ਹੀ ਵਧਾਈ ਜਾ ਸਕਦੀ ਹੈ, ਜਿਵੇਂ ਕਿ ਦਰਦ ਤੋਂ ਐਮਰਜੰਸੀ ਵਿਚ ਆਰਾਮ ਦਿਵਾਉਣਾ। ਦੰਦਾਂ ਦਾ ਕੋਈ ਵੀ ਕੰਮ ਕਰਨ ਤੋਂ ਪਹਿਲਾਂ ਦੰਦਾਂ ਦੇ ਡਾਕਟਰਾਂ ਲਈ ਮਨਜ਼ੂਰੀ ਲੈਣਾ ਜ਼ਰੂਰੀ ਹੈ।

☐ **ਐਨਕਾਂ –** ਲੈਨਜ਼ ਅਤੇ ਫਰੇਮ ਹਰ ਤਿੰਨ ਸਾਲਾਂ ਬਾਅਦ।

☐ ਐੱਮ ਐੱਸ ਡੀ ਪੀ ਆਰ ਹਰ ਦੋ ਸਾਲਾਂ ਬਾਅਦ **ਓਪਟੋਮੀਟਰਿਸਟ ਵਲੋਂ ਜਾਂਚ** ਲਈ 44 ਡਾਲਰ 83 ਸੈਂਟ ਅਤੇ **ਓਪਥਾਮੌਲੋਜਿਸਟ ਵਲੋਂ ਜਾਂਚ** ਲਈ 48 ਡਾਲਰ 90 ਸੈਂਟ ਦਿੰਦੀ ਹੈ।

☐ **ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਦੀ ਕਵਰੇਜ।**

☐ **ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ।**

☐ **ਪੀ ਡਬਲਯੂ ਡੀ ਲੈਣ ਵਾਲਿਆਂ ਲਈ ਬੀ ਸੀ ਬੱਸ ਪਾਸ ਪ੍ਰੋਗਰਾਮ:**

- ਬੀ ਸੀ ਡਿਸਏਬਿਲਟੀ ਬੱਸ ਪਾਸ ਕੰਪਸ ਕਾਰਡ ਦੇ ਰੂਪ ਵਿਚ ਹੈ, ਜੋ ਕਿ ਟ੍ਰਾਂਸਲਿੰਕ ਅਤੇ ਬੀ ਸੀ ਭਰ ਵਿਚ ਬੀ ਸੀ ਟ੍ਰਾਂਜ਼ਿਟ ਸਿਸਟਮਾਂ ਦੋਨਾਂ ਉੱਪਰ ਵਰਤਿਆ ਜਾ ਸਕਦਾ ਹੈ।
- ਪੀ ਡਬਲਯੂ ਡੀ ਲੈਣ ਵਾਲੇ ਸਬਸਿਡੀ ਵਾਲਾ ਬੱਸ ਪਾਸ ਜਾਂ ਹਰ ਮਹੀਨੇ 52 ਡਾਲਰ ਦਾ "ਟ੍ਰਾਂਸਪੋਰਟੇਸ਼ਨ ਸਪਲੀਮੈਂਟ" ਲੈਣ ਦੀ ਚੋਣ ਕਰ ਸਕਦੇ ਹਨ। ਤੁਹਾਡੇ ਕੋਲ ਮਹੀਨਾਵਾਰ ਬੱਸ ਪਾਸ ਅਤੇ ਟ੍ਰਾਂਸਪੋਰਟ ਸਪਲੀਮੈਂਟ ਵਿਚਕਾਰ ਮਹੀਨੇ ਦੇ ਆਧਾਰ 'ਤੇ ਵਾਪਸ ਜਾਣ ਦੀ ਚੋਣ ਹੈ। ਬੱਸ ਪਾਸ ਸ਼ੁਰੂ ਕਰਨ ਜਾਂ ਬੰਦ ਕਰਨ ਲਈ ਪਿਛਲੇ ਮਹੀਨੇ ਦੀ 5 ਤਰੀਕ ਤੱਕ ਮਨਿਸਟਰੀ ਨਾਲ ਸੰਪਰਕ ਕਰੋ। ਬਦਲੀ ਕਰਵਾਉਣ ਲਈ 1-866-866-0800 'ਤੇ ਫੋਨ ਕਰੋ, SDSIBUSPA@gov.bc.ca 'ਤੇ ਈਮੇਲ ਕਰੋ, ਜਾਂ ਮਾਈ ਸੈਲਫ ਸਰਵ ਦੀ ਵਰਤੋਂ ਕਰੋ।

**ਨੋਟ:** ਪੀ ਡਬਲਯੂ ਡੀ ਲੈਣ ਵਾਲੇ ਜਿਹੜੇ ਲੋਕਾਂ ਨੂੰ ਕਮਫਰਟਸ ਅਲਾਊਂਸ, ਰੂਮ ਐਂਡ ਬੋਰਡ, ਜਾਂ ਪੀ ਡਬਲਯੂ ਡੀ ਟੌਪ-ਅੱਪ ਪੇਮੈਂਟ ਮਿਲਦੇ ਹਨ, ਉਹ ਬੱਸ ਪਾਸ ਜਾਂ ਟ੍ਰਾਂਸਪੋਰਟੇਸ਼ਨ ਅਲਾਊਂਸ ਲੈ ਸਕਦੇ ਹਨ।

## ਉਹ ਭੱਤੇ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਹੱਕਦਾਰ ਹੋ ਸਕਦੇ ਹੋ

### ਸਿਹਤ ਭੱਤੇ

ਕਈ ਸਿਹਤ ਭੱਤੇ ਹਨ ਜਿਨ੍ਹਾਂ ਲਈ ਤੁਸੀਂ ਪੀ ਡਬਲਯੂ ਡੀ ਲੈਣ ਵੇਲੇ ਹੱਕਦਾਰ ਹੋ ਸਕਦੇ ਹੋ, ਜੇ ਤੁਸੀਂ ਸ਼ਰਤਾਂ ਪੂਰੀਆਂ ਕਰਦੇ ਹੋਵੋ। ਇਹ ਜਾਣਕਾਰੀ ਲੈਣ ਲਈ ਕਿ ਅੱਗੇ ਲਿਖੀਆਂ ਚੀਜ਼ਾਂ ਲਈ ਅਪਲਾਈ ਕਿਵੇਂ ਕਰਨਾ ਹੈ, ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ।

☐ ਹਰ ਮਹੀਨੇ 15 ਡਾਲਰ ਤੋਂ 80 ਡਾਲਰ ਤੱਕ **ਖੁਰਾਕ ਦੇ ਅਲਾਊਂਸ** ਜੋ ਕਿ ਸਿਰਫ ਬੀਮਾਰੀ ਦੀ ਕਿਸੇ ਖਾਸ ਪਛਾਣ ਲਈ ਹੀ ਹੈ। ਐੱਮ ਐੱਸ ਡੀ ਪੀ ਆਰ ਦਾ ਕੋਈ ਖਾਸ ਐਪਲੀਕੇਸ਼ਨ (ਅਰਜ਼ੀ) ਫਾਰਮ ਨਹੀਂ ਹੈ। ਤੁਸੀਂ ਆਪਣੇ ਡਾਕਟਰ ਤੋਂ ਇਕ ਨੋਟ ਲਿਖਵਾ ਸਕਦੇ ਹੋ ਜਿਹੜਾ ਤੁਹਾਡੀ ਹਾਲਤ ਬਾਰੇ ਉਸ ਖਾਸ ਖੁਰਾਕ ਦੀ ਕਿਸਮ ਬਾਰੇ ਦੱਸਦਾ ਹੋਵੇ ਜਿਸ ਦੀ ਤੁਹਾਨੂੰ ਲੋੜ ਹੈ। ਇਹ ਨਵਿਆਇਆ ਜਾਣ ਵਾਲਾ ਭੱਤਾ ਹੈ।

☐ ਕਿਸੇ ਪੁਰਾਣੀ ਬੀਮਾਰੀ ਕਾਰਨ ਖੁਰਾਕੀ ਤੱਤਾਂ ਦੀਆਂ ਲੋੜਾਂ ਵਾਲੇ ਲੋਕਾਂ ਲਈ ਪ੍ਰਤੀ ਮਹੀਨਾ 225 ਡਾਲਰ ਤੱਕ ਦਾ **ਮਹੀਨਾਵਾਰ ਨਿਊਟਰੀਸ਼ਨਲ ਸਪਲੀਮੈਂਟ ਬੈਨੇਫਿਟ (ਐੱਮ ਐੱਨ ਐੱਸ)**। ਇਹ ਭੱਤਾ ਵਿਟਾਮਿਨ ਲਈ ਪੈਸੇ (45 ਡਾਲਰ) ਅਤੇ ਖੁਰਾਕੀ ਤੱਤਾਂ ਲਈ ਪੈਸੇ (180 ਡਾਲਰ) ਵਿਚ ਵੰਡਿਆ ਜਾਂਦਾ ਹੈ। ਜੇ ਤੁਹਾਨੂੰ ਵਿਟਾਮਿਨ ਲਈ ਪੈਸੇ ਮਿਲਦੇ ਹਨ ਤਾਂ ਤੁਹਾਨੂੰ ਖੁਰਾਕ ਦਾ ਅਲਾਊਂਸ ਵੀ ਮਿਲ ਸਕਦਾ ਹੈ। ਪਰ ਜੇ ਤੁਹਾਨੂੰ ਖੁਰਾਕੀ ਤੱਤਾਂ ਲਈ ਪੈਸੇ ਮਿਲਦੇ ਹਨ ਤਾਂ ਤੁਸੀਂ ਖੁਰਾਕ ਦੇ ਅਲਾਊਂਸ ਲਈ ਹੱਕਦਾਰ ਨਹੀਂ ਹੋ। ਐੱਮ ਐੱਨ ਐੱਸ ਐਪਲੀਕੇਸ਼ਨ ਲੈਣ ਲਈ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ। **ਹੈਲਪ ਸ਼ੀਟ 4: ਮਹੀਨਾਵਾਰ ਖੁਰਾਕੀ ਸਪਲੀਮੈਂਟ ਵੀ ਦੇਖੋ।**

☐ **ਅਲਟਰਨੇਟਿਵ ਹੀਅਰਿੰਗ ਸਪਲੀਮੈਂਟ:** ਦੋਨੋਂ ਕੰਨਾਂ ਵਿਚ ਪੱਕੇ ਗੰਭੀਰ ਬੋਲ਼ੇਪਣ ਵਾਲੇ ਉਨ੍ਹਾਂ ਲੋਕਾਂ ਲਈ ਪ੍ਰਤੀ ਮਹੀਨਾ 100 ਡਾਲਰ ਜਿਹੜੇ ਸੁਣਨ-ਯੰਤਰ ਦੀ ਵਰਤੋਂ ਤੋਂ ਕੋਈ ਵੱਡਾ ਫਾਇਦਾ ਨਹੀਂ ਲੈ ਸਕਦੇ। ਅਪਲਾਈ ਕਰਨ ਲਈ ਮਨਿਸਟਰੀ ਵਰਕਰ ਤੋਂ ਐਪਲੀਕੇਸ਼ਨ ਮੰਗੋ।

☐ **ਵਰਤ ਕੇ ਸੁੱਟਣਯੋਗ ਮੈਡੀਕਲ ਜਾਂ ਸਰਜੀਕਲ ਸਪਲਾਈ**
ਉਦਾਹਰਣ ਲਈ, ਜ਼ਖਮ ਦੀ ਸੰਭਾਲ ਲਈ ਬੈਂਡਿਜ ਅਤੇ ਪੱਟੀਆਂ, ਪੈਰਾਸਿਟਕ ਚਮੜੀ ਦੀਆਂ ਇਨਫੈਕਸ਼ਨਾਂ ਲਈ ਮੈਡੀਕੇਟਿਡ ਸ਼ੈਂਪੂ, ਅਤੇ ਦਵਾਈਆਂ ਲਈ ਸੂਈਆਂ ਅਤੇ ਸਰਿੰਜਾਂ।

☐ **ਕੈਰੋਪਰੈਕਟਿਕ, ਮਾਲਸ਼ ਨਾਲ ਇਲਾਜ, ਫਿਜ਼ੀਓਥੈਰੇਪੀ, ਆਕੂਪੰਕਚਰ, ਨੈਚਰੋਪੈਥੀ ਅਤੇ ਪੈਰਾਂ ਦੇ ਇਲਾਜ ਲਈ ਨੌਨ-ਸਰਜੀਕਲ ਵਿਜ਼ਟਾਂ (ਨਵੀਂ ਗੰਭੀਰ ਲੋੜ ਬਾਰੇ ਡਾਕਟਰ ਦੇ ਨੋਟ ਨਾਲ)।**

☐ **ਡਾਕਟਰੀ ਸਾਜ਼-ਸਮਾਨ ਅਤੇ ਯੰਤਰ, ਜਿਨ੍ਹਾਂ ਵਿਚ ਤੁਰਨ ਫਿਰਨ ਵਿਚ ਸਹਾਇਤਾ ਕਰਨ ਵਾਲੀਆਂ ਚੀਜ਼ਾਂ ਵੀ ਸ਼ਾਮਲ ਹਨ**
ਉਦਾਹਰਣ ਲਈ, ਹੀਅਰਿੰਗ ਏਡਜ਼, ਵੀਲਚੇਅਰਾਂ, ਸੋਟੀਆਂ, ਵਾਕਰ, ਸਕੂਟਰ, ਮੇਚ ਦੇ ਬਣਾਏ ਹੋਏ ਬੂਟ, ਸੀ ਪੈਪ ਮਸ਼ੀਨਾਂ, ਔਰਥੌਟਿਕਸ, ਹਸਪਤਾਲ ਦੇ ਬੈੱਡ, ਨਹਾਉਣ ਅਤੇ ਵਾਸ਼ਰੂਮ ਵਿਚ ਸਹਾਇਕ ਯੰਤਰ, ਅਤੇ ਗੈਰ-ਰਵਾਇਤੀ ਗੁਲੂਕੋਜ਼ ਮੀਟਰ।

☐ **ਮੈਡੀਕਲ ਅਪੌਇੰਟਮੈਂਟਾਂ ਲਈ ਜਾਣਾ**
ਮੈਡੀਕਲ ਅਪੌਇੰਟਮੈਂਟਾਂ ਲਈ ਆਉਣ ਜਾਣ ਲਈ ਫੰਡ। ਇਹ ਐੱਮ ਐੱਸ ਡੀ ਪੀ ਆਰ ਵਲੋਂ ਪਹਿਲਾਂ ਮਨਜ਼ੂਰ ਕੀਤੇ ਜਾਣੇ ਜ਼ਰੂਰੀ ਹਨ।

☐ **ਨਸ਼ੇ ਅਤੇ ਸ਼ਰਾਬ ਛੱਡਣ ਦੇ ਇਲਾਜ ਲਈ ਜਾਣਾ**

**ਹੈਲਪ ਸ਼ੀਟ 7: ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਸਿਹਤ ਸਪਲੀਮੈਂਟ ਵੀ ਦੇਖੋ।**

## ਰੁਜ਼ਗਾਰ ਦੀ ਆਮਦਨ

☐ **ਆਮਦਨੀ ਵਿਚ ਸਲਾਨਾ ਛੋਟ**
ਪੀ ਡਬਲਯੂ ਡੀ ਮੈਂਬਰਾਂ ਵਾਲੇ ਪਰਿਵਾਰਾਂ 'ਤੇ ਆਮਦਨੀ ਦੀਆਂ ਇਹ ਛੋਟਾਂ ਲਾਗੂ ਹੁੰਦੀਆਂ ਹਨ:

- ਸਿੰਗਲ ਵਿਅਕਤੀ ਹਰ ਕਲੰਡਰ ਸਾਲ ਵਿਚ ਭੱਤਿਆਂ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 16,200 ਡਾਲਰ ਤੱਕ ਕਮਾ ਸਕਦੇ ਹਨ।
- ਉਹ ਜੋੜੇ ਜਿਨ੍ਹਾਂ ਵਿਚ ਇਕ ਵਿਅਕਤੀ ਪੀ ਡਬਲਯੂ ਡੀ ਹੈ, ਹਰ ਕਲੰਡਰ ਸਾਲ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 19,200 ਡਾਲਰ ਤੱਕ ਕਮਾ ਸਕਦੇ ਹਨ।
- ਉਹ ਜੋੜੇ ਜਿੱਥੇ ਦੋਨੋਂ ਹੀ ਪੀ ਡਬਲਯੂ ਡੀ ਹਨ, ਹਰ ਕਲੰਡਰ ਸਾਲ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 32,400 ਡਾਲਰ ਤੱਕ ਕਮਾ ਸਕਦੇ ਹਨ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਐੱਮ ਐੱਸ ਡੀ ਪੀ ਆਰ ਤੁਹਾਡੇ ਤੋਂ ਇਹ ਉਮੀਦ ਕਰਦੀ ਹੈ ਕਿ ਤੁਸੀਂ ਆਪਣੀ ਚੈੱਕ ਦੇ ਸਟੱਬ ਉੱਪਰਲੀ ਕਿਸੇ ਵੀ ਰਕਮ ਦੀ ਰਿਪੋਰਟ ਕਰੋ ਜਾਂ ਮਾਈ ਸੈਲਫ ਸਰਵ ਦੀ ਵਰਤੋਂ ਕਰਦੇ ਹੋਏ ਔਨਲਾਈਨ ਦੱਸੋ। ਇਹ ਜਾਣਕਾਰੀ ਐੱਮ ਐੱਸ ਡੀ ਪੀ ਆਰ ਕੋਲ ਅਗਲੇ ਮਹੀਨੇ ਦੇ 5ਵੇਂ ਦਿਨ ਤੱਕ ਦਰਜ ਕਰਵਾਉਣਾ ਜ਼ਰੂਰੀ ਹੈ।

### ਐੱਮ ਐੱਸ ਡੀ ਪੀ ਆਰ ਦੇ ਹੋਰ ਭੱਤੇ

☐ **ਮੂਵ ਹੋਣ ਦੇ ਖਰਚੇ ਅਤੇ ਸਕਿਉਰਟੀ ਡਿਪਾਜ਼ਿਟ**
ਜਾਣਕਾਰੀ ਲਈ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ।

☐ **ਵਿੰਟਰ ਸਪਲੀਮੈਂਟ (ਜਿਸ ਨੂੰ ਪਹਿਲਾਂ ਕਰਿਸਮਿਸ ਸਪਲੀਮੈਂਟ ਆਖਿਆ ਜਾਂਦਾ ਸੀ)**
60 ਡਾਲਰ ਸਿੰਗਲ ਵਿਅਕਤੀ ਲਈ; 120 ਡਾਲਰ ਜੋੜਿਆਂ ਅਤੇ ਪਰਿਵਾਰਾਂ ਲਈ, ਹਰ ਬੱਚੇ ਦੇ 20 ਡਾਲਰ ਨਾਲ।

☐ **ਸੰਕਟ ਲਈ ਸਪਲੀਮੈਂਟ**
ਅਣਚਿਤਵੇ ਖਰਚਿਆਂ ਜਾਂ ਲੋੜਾਂ ਲਈ, ਸਿਰਫ ਉਸ ਕਲੰਡਰ ਮਹੀਨੇ ਲਈ ਜਿਸ ਵਿਚ ਐਪਲੀਕੇਸ਼ਨ ਕੀਤੀ ਜਾਂਦੀ ਹੈ। ਹਰ ਸਾਲ ਪ੍ਰਤੀ ਵਿਅਕਤੀ 110 ਡਾਲਰ ਤੱਕ ਕੱਪੜਿਆਂ ਲਈ, ਹਰ ਮਹੀਨੇ ਖਾਣੇ ਲਈ ਪ੍ਰਤੀ ਵਿਅਕਤੀ 50 ਡਾਲਰ। ਐਮਰਜੰਸੀ ਵਿਚ ਕਿਰਾਏ ਵਿਚ ਮਦਦ ਲਈ ਕਿਰਾਏ ਦੀ ਰਕਮ ਤੱਕ।

☐ **ਨੇਟਲ ਅਲਾਊਂਸ**
ਸਿੰਗਲ ਪ੍ਰੈਗਨੈਂਸੀ ਲਈ 80 ਡਾਲਰ, ਕਈ ਜਨਮਾਂ ਲਈ 160 ਡਾਲਰ। ਮਾਂ ਇਨ੍ਹਾਂ ਪੈਸਿਆਂ ਲਈ ਸਾਰੀ ਪ੍ਰੈਗਨੈਂਸੀ ਵਿਚ (ਡਾਕਟਰ ਵਲੋਂ ਤਸਦੀਕ ਕੀਤੇ ਜਾਣ 'ਤੇ) ਅਤੇ ਜਨਮ ਤੋਂ ਬਾਅਦ 12 ਮਹੀਨਿਆਂ ਤੱਕ ਹੱਕਦਾਰ ਹੈ।

☐ **ਸਕੂਲ ਸਟਾਰਟ ਅੱਪ ਸਪਲੀਮੈਂਟ**
120 ਡਾਲਰ ਪ੍ਰਤੀ ਬੱਚਾ, ਉਮਰ 5 ਤੋਂ 11 ਸਾਲ, 210 ਡਾਲਰ ਪ੍ਰਤੀ ਬੱਚਾ, ਉਮਰ 12 ਤੋਂ 18 ਸਾਲ।

☐ **ਗਾਈਡ ਐਨੀਮਲ ਸਪਲੀਮੈਂਟ**
95 ਡਾਲਰ ਪ੍ਰਤੀ ਮਹੀਨਾ।

# ਹੋਰ ਸੰਸਥਾਵਾਂ ਰਾਹੀਂ ਭੱਤੇ

ਇਹ ਪ੍ਰੋਗਰਾਮ ਅਤੇ ਭੱਤੇ ਵੱਖ ਵੱਖ ਸੰਸਥਾਵਾਂ ਅਤੇ ਏਜੰਸੀਆਂ ਰਾਹੀਂ ਉਪਲਬਧ ਹਨ।

## ਰਿਹਾਇਸ਼

☐ **ਪਹੁੰਚਯੋਗ/ਵਾਰਾ ਖਾਣ ਯੋਗ ਰਿਹਾਇਸ**
ਹਾਊਜ਼ਿੰਗ ਰਜਿਸਟਰੀ (ਬੀ ਸੀ ਹਾਊਜ਼ਿੰਗ) ਨੂੰ 604-433-2218 'ਤੇ ਜਾਂ 1-800-257-7756 'ਤੇ ਫੋਨ ਕਰੋ। ਵੈੱਬਸਾਈਟ: www.bchousing.org.

☐ **ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਵਾਧੂ ਹੋਮ ਓਨਰ ਗਰਾਂਟ**
ਡਿਸਏਬਿਲਟੀਜ਼ ਵਾਲੇ ਘਰ ਮਾਲਕਾਂ ਲਈ। ਆਪਣੇ ਮਿਊਨਿਸਪਲ ਪ੍ਰਾਪਰਟੀ ਟੈਕਸ ਡਿਪਾਰਟਮੈਂਟ ਨਾਲ ਸੰਪਰਕ ਕਰੋ।

☐ **ਪ੍ਰਾਪਰਟੀ ਟੈਕਸ ਮੁਲਤਵੀ ਕਰਨਾ**
ਆਪਣੇ ਮਿਊਨਿਸਪਲ ਪ੍ਰਾਪਰਟੀ ਟੈਕਸ ਡਿਪਾਰਟਮੈਂਟ ਨਾਲ ਸੰਪਰਕ ਕਰੋ।

## ਆਵਾਜਾਈ

ਇਨ੍ਹਾਂ ਵਿੱਚੋਂ ਕੁਝ ਪ੍ਰੋਗਰਾਮਾਂ ਲਈ ਤੁਹਾਡੀ ਚਲਣਸ਼ੀਲਤਾ ਸੀਮਤ ਹੋਣੀ ਜ਼ਰੂਰੀ ਹੈ।

☐ **ਆਟੋਪਲੈਨ ਡਿਸਏਬਿਲਟੀ ਡਿਸਕਾਊਂਟ (ਆਈ ਸੀ ਬੀ ਸੀ)**
ਆਈ ਸੀ ਬੀ ਸੀ ਨੂੰ 604-661-2800 'ਤੇ ਜਾਂ 1-800-663-3051'ਤੇ ਫੋਨ ਕਰੋ। ਜੇ ਤੁਸੀਂ ਮੈਟਰੋ ਵੈਨਕੂਵਰ ਤੋਂ ਬਾਹਰ ਹੋ ਤਾਂ ਤੁਸੀਂ ਆਈ ਸੀ ਬੀ ਸੀ ਦੇ ਆਪਣੇ ਸਥਾਨਕ ਏਜੰਟ ਨਾਲ ਵੀ ਸੰਪਰਕ ਕਰ ਸਕਦੇ ਹੋ। ਤੁਹਾਡੇ ਵਲੋਂ ਸੂਬਾਈ ਮੋਟਰ ਵਹੀਕਲ ਫਿਊਲ ਟੈਕਸ ਰੀਬੇਟ ਫਾਰ ਪਰਸਨਜ਼ ਵਿਦ ਡਿਸਏਬਿਲਟੀਜ਼ ਲੈਂਦੇ ਹੋਣਾ ਜ਼ਰੂਰੀ ਹੈ। ਵੈੱਬਸਾਈਟ: www.icbc.com

☐ **ਬੀ ਸੀ ਫੈਰੀ ਪਾਸ**
ਬ੍ਰਿਟਿਸ਼ ਕੋਲੰਬੀਆ ਫੈਰੀ ਸਰਵਿਸਿਜ਼ ਕੋਲ ਸਿੱਧਾ ਅਪਲਾਈ ਕਰੋ। ਤੁਹਾਨੂੰ ਆਪਣੇ ਐੱਮ ਐੱਸ ਡੀ ਪੀ ਆਰ ਦਫਤਰ ਤੋਂ ਰਿਲੀਜ਼ ਔਫ ਇਨਫਰਮੇਸ਼ਨ ਫਾਰਮ ਨਾਂ ਦੇ ਫਾਰਮ ਦੀ ਲੋੜ ਪਵੇਗੀ। ਐਪਲੀਕੇਸ਼ਨ ਫਾਰਮ ਲਈ 1-888-223-3779 ’ਤੇ ਫੋਨ ਕਰੋ ਜਾਂ www.bcferries.com ਵੈੱਬਸਾਈਟ ’ਤੇ ਜਾਉ।

☐ **ਫੈਡਰਲ ਐਕਸਾਈਜ਼ ਗੈਸੋਲੀਨ ਟੈਕਸ ਰੀਫੰਡ**
ਕੈਨੇਡਾ ਰੈਵੇਨਿਊ ਏਜੰਸੀ ਨੂੰ 1-877-432-5472 ’ਤੇ ਫੋਨ ਕਰੋ। ਫੋਨ ਲਾਈਨਾਂ ਦੁਪਹਿਰ ਦੇ 12 ਵਜੇ ਤੋਂ ਰਾਤ ਦੇ 9 ਵਜੇ ਤੱਕ (ਪੀ ਐੱਸ ਟੀ) ਖੁੱਲ੍ਹੀਆਂ ਹੁੰਦੀਆਂ ਹਨ। ਐਪਲੀਕੇਸ਼ਨ ਫਾਰਮ ਸੀ ਆਰ ਏ ਦੇ ਵੈੱਬਸਾਈਟ ’ਤੇ ਉਪਲਬਧ ਹੈ:
ਵੈੱਬਸਾਈਟ: www.cra.gc.ca/E/pbg/ef/xe8/

☐ **ਫਲਾਈਟ ਡਿਸਕਾਊਂਟ**
ਤੁਹਾਨੂੰ ਸਾਂਭਣ ਵਾਲਾ ਸ਼ਾਇਦ ਤੁਹਾਡੇ ਨਾਲ ਮੁਫਤ ਜਾ ਸਕਦਾ ਹੈ; ਏਅਰਲਾਈਨ ਤੋਂ ਵੇਰਵੇ ਮੰਗੋ।

☐ **ਸੂਬਾਈ ਮੋਟਰ ਵਹੀਕਲ ਫਿਊਲ ਟੈਕਸ ਰੀਫੰਡ ਫਾਰ ਪਰਸਨਜ਼ ਵਿਦ ਡਿਸਏਬਿਲਟੀਜ**
ਮਨਿਸਟਰੀ ਔਫ ਫਾਇਨੈਂਸ ਨੂੰ 1-877-388-4440 ’ਤੇ ਫੋਨ ਕਰੋ।
ਵੈੱਬਸਾਈਟ: https://www2.gov.bc.ca/gov/content/taxes/sales-taxes/motor-fuel-carbon-tax/fuel-tax-refund ਦੇਖੋ “Persons with Disabilities” ਲਿੰਕ।

☐ **ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਪਾਰਕਿੰਗ ਪਰਮਿਟ**
ਪਰਮਿਟ ਲਈ ਅਪਲਾਈ ਕਰਨ ਲਈ ਫੋਨ ਕਰੋ:

- ਬੀਕਨ ਕਮਿਊਨਟੀ ਸਰਵਿਸਿਜ਼ (ਸਿਡਨੀ) 250-656-5537
- ਸਿਟੀ ਔਫ ਕਲੋਨਾ 250-469-8757
- ਕੋਈਚਿਨ ਵੈਲੀ ਇੰਡੀਪੈਨਡੈਂਟ ਲਿਵਿੰਗ ਰੀਸੋਰਸ ਸੈਂਟਰ 250-746-3930
- ਕੈਮਲੂਪਸ ਪੀਪਲ ਇਨ ਮੋਸ਼ਨ 250-376-7878
- ਨਨਾਇਮੋ ਡਿਸਏਬਿਲਟੀ ਰੀਸੋਰਸ ਸੈਂਟਰ 250-758-5547
- ਰਿਚਮੰਡ ਸੈਂਟਰ ਫਾਰ ਡਿਸਏਬਿਲਟੀ 604-232-2404
- ਇੰਡੀਪੈਨਡੈਂਟ ਲਿਵਿੰਗ ਵਰਨਨ 1-877-288-1088
- ਵਿਕਟੋਰੀਆ ਡਿਸਏਬਿਲਟੀ ਰੀਸੋਰਸ ਸੈਂਟਰ 250-595-0044
- ਵੈਸਕੌਮ ਮੈਡੀ-ਲੇਂਡ (ਲੈਂਗਫੋਰਡ) 250-478-5373
- ਵੈਨਕੂਵਰ -ਸਪਾਰਕ ਬੀ ਸੀ permits@sparc.bc.ca 604-718-7744

ਬਾਕੀ ਸਾਰੇ ਇਲਾਕਿਆਂ ਲਈ ਫੋਨ ਕਰੋ: ਸੋਸ਼ਲ ਪਲੈਨਿੰਗ ਐਂਡ ਰੀਸਰਚ ਕੌਂਸਲ ਔਫ ਬੀ ਸੀ
604-718-7744

☐ **ਹੈਂਡੀਡਾਰਟ**
ਆਪਣੀ ਫੋਨਾਂ ਵਾਲੀ ਕਿਤਾਬ ਵਿਚ ਹੈਂਡੀਡਾਰਟ ਦੀ ਲਿਸਟਿੰਗ ਦੇਖੋ।

☐ **ਹੈਂਡੀਪਾਸ ਅਤੇ ਟੈਕਸੀ ਸੇਵਰ**
ਮੈਟਰੋ ਵੈਨਕੂਵਰ ਵਿਚ, ਟ੍ਰਾਂਸਲਿੰਕ ਦੇ ਆਪਣੇ ਸਥਾਨਕ ਦਫਤਰ ਨਾਲ ਸੰਪਰਕ ਕਰੋ ਜ www.translink.bc.ca ’ਤੇ ਜਾਉ। ਹੋਰ ਇਲਾਕਿਆਂ ਦੇ ਲੋਕਾਂ ਨੂੰ ਆਪਣੇ ਸਥਾਨਕ ਟ੍ਰਾਂਜ਼ਿਟ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

☐ **ਵੀਆ ਰੇਲ, ਕੋਚ ਕੈਨੇਡਾ ਅਤੇ ਮੋਟਰ ਕੋਚ ਕੈਨੇਡਾ**
ਲਾਇਨਜ਼ ਸੁਸਾਇਟੀ ਔਫ ਬੀ ਸੀ ਤੋਂ ਮਿਲੇ ਡਿਸਏਬਿਲਟੀ ਟਰੈਵਲ ਕਾਰਡ ਨਾਲ, ਮਦਦ ਕਰਨ ਵਾਲਾ ਇਕ ਵਿਅਕਤੀ ਤੁਹਾਡੇ ਨਾਲ ਈਸਟਰ ਸੀਲਜ਼ ਕੈਨੇਡਾ ਦੀ ਤਰਫੋਂ ਘੱਟ ਕਿਰਾਏ ’ਤੇ ਸਫਰ ਕਰ ਸਕਦਾ ਹੈ। 604-873-1865 ’ਤੇ ਫੋਨ ਕਰੋ, ਜਾਂ ਜੇ ਤੁਸੀਂ ਮੈਟਰੋ ਵੈਨਕੂਵਰ ਤੋਂ ਬਾਹਰ ਹੋ ਤਾਂ 1-800-818-4483 ’ਤੇ ਫੋਨ ਕਰੋ। ਨੇਤਰਹੀਣ ਜਾਂ ਬਹੁਤ ਘੱਟ ਨਿਗ੍ਹਾ ਵਾਲੇ ਲੋਕ ਆਪਣਾ ਸੀ ਐੱਨ ਆਈ ਬੀ ਕਾਰਡ ਦਿਖਾ ਸਕਦੇ ਹਨ।

### ਆਰਾਮ

☐ **ਬੀ ਸੀ ਦੇ ਸੂਬਾਈ ਪਾਰਕਾਂ ਵਿਚ ਕੈਂਪਿੰਗ ਮੁਫਤ ਹੈ**
ਕੈਂਪਸਾਈਟ ਦੇ ਓਪਰੇਟਰਾਂ ਨੂੰ ਦੇਣ ਲਈ ਐੱਮ ਐੱਸ ਡੀ ਪੀ ਆਰ ਦੇ ਦਫਤਰ ਤੋਂ ਰਿਲੀਜ਼ ਔਫ ਇਨਫਰਮੇਸ਼ਨ ਫਾਰਮ ਲਵੋ। ਕੁਝ ਖਾਸ ਮਾਨਤਾ ਪ੍ਰਾਪਤ ਕੈਂਪਾਂ ਵਿਖੇ ਕੈਂਪਿੰਗ ਲਈ ਪੂਰੇ ਜਾਂ ਥੋੜ੍ਹੇ ਫੰਡ ਉਪਲਬਧ ਹਨ।

☐ **ਮੱਛੀਆਂ ਫੜਨ ਦੇ ਲਾਇਸੰਸ ਦੀ ਫੀਸ ਵਿਚ ਕਮੀ**
ਆਪਣੀ ਸਥਾਨਕ ਫੋਨ ਬੁੱਕ ਦੇ ਨੀਲੇ ਪੰਨਿਆਂ ਵਿਚ ਸਰਵਿਸ ਬੀ ਸੀ ਗਵਰਨਮੈਂਟ ਏਜੰਟਸ ਹੇਠ ਦੇਖੋ। ਉਹ ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਐਪਲੀਕੇਸ਼ਨ ਫਾਰਮ ਦੇਣ ਦੇ ਯੋਗ ਹੋਣਗੇ।

☐ **ਮਨੋਰੰਜਨ/ਕਮਿਊਨਟੀ ਸੈਂਟਰਾਂ ਅਤੇ ਪ੍ਰੋਗਰਾਮਾਂ ਤੱਕ ਪਹੁੰਚ**
ਬਹੁਤ ਸਾਰੀਆਂ ਮਿਊਨਿਸਪਿਲਟੀਆਂ ਡਿਸਏਬਿਲਟੀਜ਼ ਵਾਲੇ ਉਨ੍ਹਾਂ ਲੋਕਾਂ ਲਈ ਕੁਝ ਸਹਾਇਤਾ ਪ੍ਰਦਾਨ ਕਰਦੀਆਂ ਹਨ ਜਿਹੜੇ ਉਨ੍ਹਾਂ ਦੇ ਮਨੋਰੰਜਨ ਦੇ ਪ੍ਰੋਗਰਾਮਾਂ ਤੱਕ ਪਹੁੰਚ ਕਰਨਾ ਚਾਹੁੰਦੇ ਹਨ। ਵੈਨਕੂਵਰ ਦੇ ਵਸਨੀਕਾਂ ਲਈ ਤੁਸੀਂ ਰੈਫਰਲ ਲਈ ਡੀ ਏ ਬੀ ਸੀ ਨਾਲ ਸੰਪਰਕ ਕਰ ਸਕਦੇ ਹੋ। ਜਾਣਕਾਰੀ ਲਈ ਆਪਣੇ ਸਥਾਨਕ ਰਿਕਰੀਏਸ਼ਨ/ਕਮਿਊਨਟੀ ਸੈਂਟਰ ਨੂੰ ਫੋਨ ਕਰੋ।

# ਹੋਰ ਪ੍ਰੋਗਰਾਮ ਜਿਹੜੇ ਤੁਹਾਨੂੰ ਮਦਦ ਕਰਨ ਵਾਲੇ ਲੱਗ ਸਕਦੇ ਹਨ

## ਰਜਿਸਟਰਿਡ ਡਿਸਏਬਿਲਟੀ ਸੇਵਿੰਗਜ਼ ਪਲੈਨ (ਆਰ ਡੀ ਐੱਸ ਪੀ)

ਇਹ ਫੈਡਰਲ ਸਰਕਾਰ ਦਾ ਇਕ ਉੱਦਮ ਹੈ ਜੋ ਕਿ ਡਿਸਏਬਿਲਟੀਜ਼ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਉਪਲਬਧ ਹੈ। ਆਰ ਡੀ ਐੱਸ ਪੀ ਲਈ ਯੋਗ ਹੋਣ ਲਈ ਤੁਹਾਡੇ ਲਈ 3 ਕਦਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

1. ਇਹ ਪੱਕਾ ਕਰੋ ਕਿ ਤੁਸੀਂ ਡਿਸਏਬਿਲਟੀ ਟੈਕਸ ਕਰੈਡਿਟ ਲਈ ਹੱਕਦਾਰ ਹੋ ਅਤੇ ਇਸ ਲਈ ਅਪਲਾਈ ਕੀਤਾ ਹੈ। ਅਸੀਂ ਐਪਲੀਕੇਸ਼ਨ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਾਂ।
2. ਤੁਹਾਡੇ ਕੋਲ ਸਹੀ ਸੋਸ਼ਲ ਇਨਸ਼ੋਰੈਂਸ ਨੰਬਰ ਹੋਣਾ ਜ਼ਰੂਰੀ ਹੈ।
3. ਤੁਸੀਂ ਆਪਣੇ ਟੈਕਸ ਦੇ ਪੇਪਰ ਸਮੇਂ ਸਿਰ ਭਰੇ ਹੋਣੇ ਚਾਹੀਦੇ ਹਨ।
4. ਤੁਹਾਡੀ ਉਮਰ 60 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ।

ਜ਼ਿਆਦਾ ਜਾਣਕਾਰੀ ਲਈ, ਸਾਡੀ **ਹੈਲਪ ਸ਼ੀਟ 14: ਡਿਸਏਬਿਲਟੀ ਟੈਕਸ ਕਰੈਡਿਟ ਅਤੇ ਹੈਲਪ ਸ਼ੀਟ 15: ਰਜਿਸਟਰਿਡ ਡਿਸਏਬਿਲਟੀ ਸੇਵਿੰਗਜ਼ ਪਲੈਨ ਦੇਖੋ** ਜਾਂ ਸਾਡੇ ਐਕਸੈੱਸ ਆਰ ਡੀ ਐੱਸ ਪੀ ਪ੍ਰੋਗਰਾਮ ਬਾਰੇ ਜਾਣਕਾਰੀ ਲਈ www.rdsp.com/supports-and-services ’ਤੇ ਜਾਉ।

## ਬੀ ਸੀ ਹਾਈਡਰੋ ਐਨਰਜੀ ਸੇਵਿੰਗਜ਼ ਕਿੱਟਾਂ

ਬੀ ਸੀ ਹਾਈਡਰੋ ਘੱਟ ਆਮਦਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਐਨਰਜੀ ਬਚਾਉਣ ਦੀਆਂ ਮੁਫਤ ਕਿੱਟਾਂ ਪ੍ਰਦਾਨ ਕਰਦੀ ਹੈ। ਕਿੱਟ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਘੱਟ ਪਾਣੀ ਵਰਤਣ ਵਾਲੇ ਸ਼ਾਵਰ, ਹੀਟ ਬਾਹਰ ਜਾਣ ਤੋਂ ਰੋਕਣ ਲਈ ਸਟਰਿੱਪਾਂ ਅਤੇ ਬਿਜਲੀ ਬਚਾਉਣ ਵਾਲੇ ਬਲਬ। ਹੱਕਦਾਰ ਹੋਣ ਲਈ, ਤੁਹਾਡੇ ਕੋਲ ਆਪਣੇ ਨਾਂ ’ਤੇ ਬੀ ਸੀ ਹਾਈਡਰੋ ਦਾ ਅਕਾਊਂਟ ਹੋਣਾ ਜ਼ਰੂਰੀ ਹੈ। ਬੀ ਸੀ ਹਾਈਡਰੋ ਨੂੰ 1-877-431-9463 ’ਤੇ ਫੋਨ ਕਰੋ ਜਾਂ ਡੀ ਏ ਬੀ ਸੀ ਦੇ ਦਫਤਰ ਨਾਲ ਸੰਪਰਕ ਕਰੋ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.

disability alliance bc | we are all connected

HSA

THE LAW FOUNDATION OF BRITISH COLUMBIA